ਸੱਤਾਧਾਰੀ ਸਰਕਾਰਾਂ ਦੇ ਅਵੇਸਲੇਪਣ ਕਾਰਨ ਹੀ ਦੇਸ਼ ਦੀ ਆਬਾਦੀ 'ਚ ਹੋ ਰਿਹਾ ਅਥਾਹ ਵਾਧਾ

ਦੇਸ਼ ਦਾ ਇੱਕ ਵੱਡਾ ਹਿੱਸਾ ਅਨਪੜ੍ਹ ਲੋਕ ਪਰਿਵਾਰ ਨਿਯੋਜਨ ਦੀ ਮਹੱਤਤਾ ਅਤੇ ਦੇਸ਼ ਦੇ ਹਿੱਤ 'ਚ ਸੋਚਣ ਤੋਂ ਅਸਮਰੱਥ

ਫਰੀਦਕੋਟ, 11 ਜੁਲਾਈ (ਸਰਬਜੀਤ ਟੀਟੂ)-ਬੇਸ਼ੱਕ ਦੇਸ਼ ਨੇ ਆਜ਼ਾਦੀ ਤੋਂ ਬਾਅਦ ਆਪਣੇ ਹੁਣ ਤੱਕ ਦੇ ਸਫਰ ਵਿੱਚ ਉਨ੍ਹਾਂ ਵਿਕਾਸ ਦੀਆਂ ਬੁਲੰਦੀਆਂ ਨੂੰ ਛੁਹਿਆ ਹੈ ਜਿੰਨ੍ਹਾਂ ਦੀ ਅਸੀਂ ਕਦੇ ਕਲਪਨਾ ਵੀ ਨਹੀ ਕਰ ਸਕਦੇ ਸੀ ਪ੍ਰੰਤੂ ਆਜ਼ਾਦੀ ਤੋਂ ਬਾਅਦ ਦੇ ਹੁਣ ਤੱਕ ਦੇ ਸਫਰ ਦੌਰਾਨ ਦੇਸ਼ ਦੀ ਜਨ ਸੰਖਿਆ ਵਿੱਚ ਹੋਏ ਅਥਾਹ ਵਾਧੇ ਮੂਹਰੇ ਤਰੱਕੀ ਦੀਆਂ ਸਾਰੀਆਂ ਹੀ ਬੁਲੰਦੀਆਂ ਬੇਅਸਰ ਦਿਖਾਈ ਦੇਣ ਲੱਗਦੀਆਂ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਦਿਨ ਪ੍ਰਤੀ ਦਿਨ ਵਧ ਰਹੀ ਜਨ ਸੰਖਿਆ ਨੂੰ ਠੱਲ੍ਹ ਪਾਉਣ ਵਾਸਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਡੀ ਪੱਧਰ 'ਤੇ ਉਪਰਾਲੇ ਜਾਰੀ ਹਨ ਅਤੇ ਇਸ ਮੰਤਵ ਲਈ ਭਾਰਤ ਵਿਚਲੀਆਂ ਲੱਗ-ਭੱਗ ਸਾਰੀਆਂ ਹੀ ਸੂਬਾ ਸਰਕਾਰਾਂ ਵੱਲੋਂ ਕਰੋੜਾਂ ਰੁਪਿਆ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ ਪ੍ਰੰਤੂ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿ ਇਸ ਵੇਲੇ ਵਧੇਰੇ ਜਨ ਸੰਖਿਆ ਵਾਲੇ ਦੋ ਦੇਸ਼ਾਂ ਵਿੱਚ ਭਾਰਤ ਅਤੇ ਚੀਨ ਦਾ ਨਾਮ ਪਹਿਲੇ ਸਥਾਨ 'ਤੇ ਆਉਂਦਾ ਹੈ। ਦੱਸਣਯੋਗ ਹੈ ਕਿ ਆਮ ਲੋਕਾਂ ਨੂੰ ਛੋਟੇ ਪਰਿਵਾਰਾਂ ਦੀ ਮਹੱਤਤਾ ਬਾਰੇ ਵੀ ਜਾਗਰੂਕ ਕਰਨ ਤੋਂ ਇਲਾਵਾ ਨਸਬੰਦੀ ਕਰਵਾਉਣ ਦੇ ਚਾਹਵਾਨਾਂ ਲਈ ਨਗਦ ਰਾਸ਼ੀ ਮੌਕੇ 'ਤੇ ਹੀ ਦੇਣ ਵਜੋਂ ਕਰੋੜਾਂ ਰੁਪਿਆ ਖਰਚ ਕੀਤਾ ਜਾ ਰਿਹਾ ਹੈ ਪ੍ਰੰਤੂ ਇਹ ਬਹੁਤ ਹੀ ਹੈਰਾਨੀ ਦੀ ਗੱਲ ਹੈ ਕਿ ਅੱਜ ਸਾਡੇ ਦੇਸ਼ ਦੀ ਜਨ ਸੰਖਿਆ 115 ਕਰੋੜ ਦਾ ਅੰਕੜਾ ਵੀ ਪਾਰ ਗਈ ਹੈ। ਮਾਹਰਾਂ ਦੀਆਂ ਚਿਤਾਵਨੀਆਂ ਅਨੁਸਾਰ ਜੇਕਰ ਭਾਰਤ ਦੀ ਵਧ ਰਹੀ ਜਨ ਸੰਖਿਆ ਨੂੰ ਠੱਲ੍ਹ ਪਾਉਣ ਲਈ ਕੋਈ ਠੋਸ ਉਪਰਾਲੇ ਨਾ ਕੀਤੇ ਗਏ ਤਾਂ ਸੰਨ 2025 ਤੱਕ ਇਹ ਜਨ ਸੰਖਿਆ ਡੇਢ ਅਰਬ ਤੱਕ ਪਹੁੰਚ ਜਾਣ ਦੇ ਆਸਾਰ ਹਨ। ਹੁਣ ਜੇਕਰ ਵਧ ਰਹੀ ਆਬਾਦੀ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਡੇ ਦੇਸ਼ ਵਿੱਚ ਕਰੀਬ 50 ਸਾਲ ਪਹਿਲਾਂ ਅਜਿਹਾ ਬੇਲਗਾਮ ਵਾਧਾ ਵੇਖਣ ਨੂੰ ਨਹੀ ਮਿਲਦਾ। ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 1901 ਵਿੱਚ ਸਾਡੇ ਦੇਸ਼ ਦੀ ਜਨ ਸੰਖਿਆ 23.83 ਕਰੋੜ ਸੀ ਅਤੇ ਇਹ ਜਨ ਸੰਖਿਆ ਸੰਨ 1911 'ਚ ਵਧ ਕੇ 25.21 ਕਰੋੜ ਹੋ ਗਈ। ਇਸੇ ਤਰ੍ਹਾਂ ਸੰਨ 1931 ਵਿੱਚ

ਕਰੋੜਾਂ ਖਰਚ ਕਰਕੇ ਮੁਹਿੰਮਾਂ ਚਲਾਉਣ ਵਾਲੇ ਵਿਭਾਗਾਂ ਦੀ ਕਾਰਗੁਜ਼ਾਰੀ ਵੀ ਗੱਲਾਂ-ਬਾਤਾਂ ਤੱਕ ਸੀਮਤ

ਵਧ ਕੇ 27.90 ਕਰੋੜ, 1941 ਵਿੱਚ 31.90 ਕਰੋੜ ਜਦਕਿ 1947 ਵਿੱਚ ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਅੰਕੜਾ 36.10 ਕਰੋੜ 'ਤੇ ਪੁੱਜ ਗਿਆ ਸੀ। ਸਾਲ 1961 ਵਿੱਚ ਦੇਸ਼ ਦੀ ਆਬਾਦੀ 43.42 ਕਰੋੜ, 1971 ਵਿੱਚ 54.18 ਕਰੋੜ, 1981 ਵਿੱਚ 68.33 ਕਰੋੜ, 1991 ਵਿੱਚ 84.33 ਕਰੋੜ, 2001 ਵਿੱਚ 102.87 ਕਰੋੜ ਅਤੇ 2005 ਵਿੱਚ ਆਬਾਦੀ ਦਾ ਅੰਕੜਾ 109.10 ਕਰੋੜ ਸੀ ਜੋ ਹੁਣ ਵਧ ਕੇ 115 ਕਰੋੜ ਦਾ ਅੰਕੜਾ ਵੀ ਪਾਰ ਕਰ ਗਿਆ ਹੈ। ਇਸ ਤਰ੍ਹਾਂ ਇਹਨਾਂ ਅੰਕੜਿਆਂ ਤੋਂ ਇਹ ਸਾਫ ਜ਼ਾਹਰ ਹੋ ਜਾਂਦਾ ਹੈ ਕਿ ਸਾਡੇ ਦੇਸ਼ ਦੀ ਆਬਾਦੀ ਵਿੱਚ ਕਿਸ ਤਰ੍ਹਾਂ ਬਿਜਲੀ ਜਿਹੀ ਤੇਜ਼ੀ ਵਾਂਗ ਵਾਧਾ ਹੋ ਰਿਹਾ ਹੈ ਜਦਕਿ ਵਧ ਰਹੀ ਜਨ ਸੰਖਿਆ ਨੂੰ ਠੱਲ੍ਹ ਪਾਉਣ ਲਈ ਲਗਾਤਾਰ ਖਰਚੀ ਜਾ ਰਹੀ ਕਰੋੜਾਂ ਦੀ ਰਾਸ਼ੀ ਅਜਾਈ ਹੀ ਜਾਂਦੀ ਸਾਫ-ਸਾਫ ਦਿਖਾਈ ਦੇ ਰਹੀ ਹੈ। ਮਾਹਰਾਂ ਵੱਲੋਂ ਵਧ ਰਹੀ ਆਬਾਦੀ ਦਾ ਮੂਲ ਕਾਰਣ ਅਨਪੜ੍ਹਤਾ ਗਰਦਾਨਿਆਂ ਗਿਆ ਹੈ। ਮਾਹਰਾਂ ਦਾ ਕਹਿਣਾ ਹੈ ਕਿ ਅਜੇ ਵੀ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਅੰਦਰ ਅਨਪੜ੍ਹ ਲੋਕ ਛੋਟੇ ਪਰਿਵਾਰਾਂ ਦੀ ਮਹੱਤਤਾ, ਪਰਿਵਾਰ ਨਿਯੋਜਨ ਵਿਧੀ ਨੂੰ ਅਪਨਾਉਣ ਅਤੇ ਦੇਸ਼ ਦੇ ਹਿੱਤ ਵਿੱਚ ਸੋਚਣ ਤੋਂ ਅਸਮਰੱਥ ਹਨ। ਇਹਨਾਂ ਬਹੁ ਗਿਣਤੀ ਅਨਪੜ੍ਹ ਲੋਕਾਂ ਦੀ ਅਗਿਆਨਤਾ ਹੀ ਦਿਨ ਪ੍ਰਤੀ ਦਿਨ ਵਧ ਰਹੀ ਆਬਾਦੀ ਦਾ ਖਾਸ ਕਾਰਨ ਬਣ ਰਹੀ ਹੈ ਕਿਉਂਕਿ ਇਸ ਵਰਗ ਦੇ ਲੋਕ ਅਜੇ ਵੀ ਆਪਣੇ ਪਰਿਵਾਰ ਦੀ ਆਮਦਨ ਵਧਾਉਣ ਦਾ ਜ਼ਰੀਆ ਵੱਧ ਬੱਚੇ ਪੈਦਾ ਕਰਨਾ ਹੀ ਸਮਝਦੇ ਹਨ। ਮਾਹਰਾਂ ਦੀਆਂ ਚਿਤਾਵਨੀਆਂ ਅਨੁਸਾਰ ਕਿਸੇ ਦੇਸ਼ ਦੀ ਆਬਾਦੀ ਦਾ ਬੇਲਗਾਮ ਵਾਧਾ ਉਸਦੀ ਤਰੱਕੀ ਵਿੱਚ ਅੜਿੱਕਾ ਬਣ ਸਕਦਾ ਹੈ ਅਤੇ ਇਸ ਕਥਨ ਨੂੰ ਵੀ ਝੁਠਲਾਇਆ ਜਾ ਸਕਦਾ ਕਿ ਮਾੜੇ ਭਾਗਾਂ ਨੂੰ ਅਕਾਲ ਪੈਣ 'ਤੇ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ। ਮਾਹਰਾਂ ਅਨੁਸਾਰ ਵਧ ਰਹੀ ਆਬਾਦੀ ਦਾ ਦੂਸਰਾ ਮੂਲ ਕਾਰਣ ਸਮੇਂ-ਸਮੇਂ ਦੀਆਂ ਸੱਤਾਧਾਰੀ ਸਰਕਾਰਾਂ ਵੱਲੋਂ ਪਰਿਵਾਰ ਨਿਯੋਜਨ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਚਲਾਈਆਂ ਜਾਂਦੀਆਂ ਮੁਹਿੰਮਾਂ ਪ੍ਰਤੀ ਵੀ ਗੰਭੀਰਤਾ ਨਾ ਵਰਤਣਾ ਹੈ ਜਦਕਿ ਸਬੰਧਤ ਵਿਭਾਗਾਂ ਵੱਲੋਂ ਵੀ ਇਸ ਗੰਭੀਰ ਮਸਲੇ ਨੂੰ ਗੱਲੀ ਬਾਤੀ ਹੀ ਲਿਆ ਜਾ ਰਿਹਾ ਹੈ। ਮਾਹਰਾਂ ਅਨੁਸਾਰ ਦੇਸ਼ ਦੇ ਬਹੁਤ ਵੱਡੇ ਹਿੱਸੇ ਦਾ ਇਸ ਪੱਖੋਂ ਜਾਗਰੂਕ ਨਾ ਹੋਣਾ ਵੱਖ-ਵੱਖ ਰਾਜ ਸਰਕਾਰਾਂ ਦੇ ਅਵੇਸਲੇ ਪਣ ਦੀ ਨਿਸ਼ਾਨੀ ਹੈ ਜਿੰਨ੍ਹਾਂ ਵੱਲੋਂ ਇਸ ਮੰਤਵ ਲਈ ਖਰਚ ਕੀਤੀਆਂ ਜਾ ਰਹੀਆਂ ਕਰੋੜਾਂ ਰੁਪਿਆਂ ਦੀਆਂ ਗਰਾਟਾਂ ਦਾ ਵੀ ਸਹੀ ਇਸਤੇਮਾਲ ਯਕੀਨੀ ਨਹੀ ਬਣਾਇਆ ਜਾ ਰਿਹਾ ਅਤੇ ਸਬੰਧਤ ਵਿਭਾਗ ਕੇਵਲ ਕਾਗਜ਼ੀ ਕਾਰਵਾਈ ਪੂਰੀ ਕਰਨ ਤੱਕ ਹੀ ਸੀਮਤ ਹਨ। ਯਾਦ ਰਹੇ ਕਿ ਜਦੋਂ ਤੱਕ ਦੇਸ਼ ਦੇ ਹਰ ਪਰਿਵਾਰ ਨੂੰ ਇਸ ਪੱਖੋਂ ਜਾਗਰੂਕ ਨਹੀ ਕੀਤਾ ਜਾਂਦਾ ਕਿ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣਾ ਉਹਨਾਂ ਦੇ ਉੱਜਵਲ ਭਵਿੱਖ ਅਤੇ ਦੇਸ਼ ਦੀ ਤਰੱਕੀ ਦੇ ਹਿੱਤ ਵਿੱਚ ਹੈ ਉਸ ਵੇਲੇ ਤੱਕ ਲਗਾਤਾਰ ਵਧ ਰਹੀ ਆਬਾਦੀ ਨੂੰ ਰੋਕਣਾ ਅਸੰਭਵ ਹੈ ਜਿਸਦੇ ਸਾਨੂੰ ਭਵਿੱਖ ਵਿੱਚ ਮਾੜੇ ਨਤੀਜੇ ਭੁਗਤਣੇ ਪੈ ਸਕਦੇ ਹਨ।

ਹਾਈਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਹੀ ਹੁਕਮ ਜਾਰੀ ਕਰਨਾ ਗ਼ਲਤ-ਸਦੀਕ

ਭਦੌੜ, 11 ਜੁਲਾਈ (ਸੁਰਿੰਦਰ ਬੱਤਾ)- ਵਿਸ਼ਵ ਰਬਾਬੀ ਭਾਈ ਮਰਦਾਨਾ ਵੈੱਲਫੇਰ ਸੁਸਾਇਟੀ (ਰਜਿ.) ਪੰਜਾਬ ਦੇ ਸੱਤ ਜ਼ਿਲ੍ਹਿਆਂ ਦੇ ਆਗੂਆਂ ਦਾ ਇਕੱਠ ਕਸਬਾ ਭਦੌੜ ਵਿਖੇ ਹੋਇਆ। ਵੈੱਲਫੇਅਰ ਸੁਸਾਇਟੀ ਦੇ ਸਰਪ੍ਰਸਤ ਮੁਹੰਮਦ ਸਦੀਕ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰਨਾਲਾ ਦੇ ਨਾਇਬ ਤਹਿਸੀਲਦਾਰ ਵੱਲੋਂ ਪਿਛਲੇ ਦਿਨੀਂ ਡੂਮ (ਮਰਾਸੀ) ਜਾਤੀ ਸਰਟੀਫਿਕੇਟ ਰੱਦ ਕਰਨ ਦੇ ਜੋ ਹੁਕਮ ਜਾਰੀ ਕੀਤੇ ਹਨ, ਉਹ ਸਾਡੀ ਜਾਤੀ ਨਾਲ ਸਰਾਸਰ ਧੱਕਾ ਹੈ। ਅਸੀਂ ਵਿਸ਼ਵ ਰਬਾਬੀ ਭਾਈ ਮਰਦਾਨਾ ਵੈੱਲਫੇਅਰ ਸੁਸਾਇਟੀ ਰਜਿ. ਵੱਲੋਂ ਸੱਤ ਅੱਠ ਮਹੀਨੇ ਪਹਿਲਾਂ ਡੂਮ ਜਾਤੀ ਸਬੰਧੀ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿਚ ਰਿੱਟ ਪਾਈ ਹੋਈ ਹੈ, ਪਰ ਸਰਕਾਰ ਅਤੇ ਇਸ ਦੇ ਕਰਮਚਾਰੀਆਂ ਨੇ ਮਾਣਯੋਗ ਹਾਈਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਹੀ ਵਿਚ ਨਾਦਰਸ਼ਾਹੀ ਹੁਕਮ ਜਾਰੀ ਕਰਕੇ ਹਾਈਕੋਰਟ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਸਾਡੀ ਡੂਮ ਜਾਤੀ ਨੂੰ ਐਸ.ਸੀ. ਸਰਟੀਫਿਕੇਟ ਜਾਰੀ ਹੁੰਦੇ ਆ ਰਹੇ ਹਨ ਅਤੇ ਡੂਮ ਸਾਡਾ ਕਬੀਲਾ ਹੈ ਜਿਸ ਦੀ ਹੋਂਦ ਰਿਗਵੇਦ ਤੋਂ ਵੀ ਪਹਿਲਾਂ ਦੀ ਹੈ। ਜੀਤ ਖਾਂ ਗੋਰੀਆ ਮੀਤ ਪ੍ਰਧਾਨ, ਜਰਨਲ ਸਕੱਤਰ ਗੁਲਜਾਰੀ ਲਾਲ, ਪ੍ਰੈੱਸ ਸਕੱਤਰ ਰਵਿੰਦਰ ਦੀਵਾਨਾ, ਜੁਗਰਾਜ ਧੌਲਾ, ਬੂਟਾ ਖਾਂ ਭਦੌੜ, ਬੱਲਮ ਲੀਬਾ ਅਤੇ ਜੰਗੀਰ ਮਾਖਾ ਨੇ ਕਿਹਾ ਨਾਇਬ ਤਹਿਸੀਲਦਾਰ ਬਰਨਾਲਾ ਵੱਲੋਂ ਬਰਨਾਲਾ ਜ਼ਿਲ੍ਹੇ ਦੇ ਜਿੰਨਾ 180 ਸਰਟੀਫਿਕੇਟਾਂ ਨੂੰ ਵਾਪਸ ਕਰਨ ਲਈ ਕਿਹਾ ਸੀ ਉਸ ਦਾ ਨੋਟਿਸ ਲੈਂਦਿਆਂ ਸਮੂਹ ਭਾਈਚਾਰੇ ਨੂੰ ਸਰਟੀਫਿਕੇਟ ਵਾਪਸ ਨਾ ਕਰਨ ਦੀ ਹਦਾਇਤ ਦਿੱਤੀ ਹੈ ਅਤੇ ਇਸ ਫ਼ੈਸਲੇ ਵਿਰੁੱਧ ਲੰਮੀ ਲੜਾਈ ਲੜਨ ਦੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਮੁਹੰਮਦ ਸਦੀਕ ਨੇ ਸਰਕਾਰ ਪ੍ਰਤੀ ਰੋਸ ਜ਼ਾਹਿਰ ਕਰਦਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਸਾਨੂੰ ਰਾਜਨੀਤਿਕ ਪਿੜ ਵਿਚੋਂ ਬਾਹਰ ਕਰਨ ਲਈ ਅਜਿਹੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਇਸ ਮੀਟਿੰਗ ਵਿਚ ਸੰਗਰੂਰ, ਬਰਨਾਲਾ, ਫਰੀਦਕੋਟ, ਫਿਰੋਜ਼ਪੁਰ, ਮਾਨਸਾ,

ਮੁਹੰਮਦ ਸਦੀਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ। ਤਸਵੀਰ: ਸੁਰਿੰਦਰ ਬੱਤਾ

ਸ਼ਹੀਦ ਊਧਮ ਸਿੰਘ ਸਪੋਰਟਸ ਅਤੇ ਸਮਾਜ ਭਲਾਈ ਕਲੱਬ ਵੱਲੋਂ ਰੱਲੀ ਸਕੂਲ ਨੂੰ ਡੈਸਕ ਦਿੱਤੇ ਜਾਣ ਦੇ ਦ੍ਰਿਸ਼। ਤਸਵੀਰ: ਦਵਿੰਦਰ ਸਿੰਘ ਕੋਹਲੀ

ਕਲੱਬ ਵੱਲੋਂ ਰੱਲੀ ਸਕੂਲ ਨੂੰ ਡੈਸਕ ਦਾਨ

ਬੁਢਲਾਡਾ, 11 ਜੁਲਾਈ (ਦਵਿੰਦਰ ਸਿੰਘ ਕੋਹਲੀ, ਕੁਲਵਿੰਦਰ ਚਹਿਲ)- ਸ਼ਹੀਦ ਊਧਮ ਸਿੰਘ ਸਪੋਰਟਸ ਅਤੇ ਸਮਾਜ ਭਲਾਈ ਕਲੱਬ ਰੱਲੀ (ਰਜਿ.) ਵੱਲੋਂ ਸਰਕਾਰੀ ਸੈਕੰਡਰੀ ਸਕੂਲ ਰੱਲੀ ਦੇ ਵਿਦਿਆਰਥੀਆਂ ਨੂੰ 10,000 (ਦਸ ਹਜ਼ਾਰ ਰੁਪਏ) ਦੀ ਲਾਗਤ ਨਾਲ ਡੈਸਕ ਤਿਆਰ ਕਰਵਾ ਕੇ ਦਿੱਤੇ। ਕਲੱਬ ਦੇ ਪ੍ਰਧਾਨ ਸ: ਦਰਸ਼ਨ ਸਿੰਘ ਮੀਤ ਪ੍ਰਧਾਨ ਕੁਲਦੀਪ ਸਿੰਘ, ਮੈਂਬਰ ਜਗਤਾਰ ਸਿੰਘ ਭੂੰਡ, ਮੈਂਬਰ ਜਸਵੀਰ ਸਿੰਘ ਚਹਿਲ, ਮੈਂਬਰ ਸ: ਜਸਵਿੰਦਰ ਸਿੰਘ, ਮਲਕੀਤ ਸਿੰਘ, ਬਲਵੰਤ ਸਿੰਘ, ਜਗਮੇਲ ਭੋਲਾ, ਦਰਸ਼ਨ ਕਲਸੀ, ਗੁਰਜੀਤ ਲਾਲੀ ਨੇ ਆਪਣੇ ਕਰ ਕਮਲਾਂ ਨਾਲ ਸਕੂਲ ਵਿਦਿਆਰਥੀਆਂ ਨੂੰ ਵੰਡੇ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪਹਿਲਾਂ ਵੀ ਇਸ ਕਲੱਬ ਵੱਲੋਂ ਸਮੇਂ-ਸਮੇਂ ਸਿਰ ਸਕੂਲ ਨੂੰ ਵਿੱਤੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਸ: ਗੁਰਚਰਨ ਸਿੰਘ ਮਾਨ, ਸਮੂਹ ਸਟਾਫ ਮੈਂਬਰਜ਼, ਸਰਪੰਚ ਸ: ਦਰਸ਼ਨ ਸਿੰਘ, ਪੀ.ਟੀ.ਏ. ਪ੍ਰਧਾਨ ਸ. ਨਿਰਮਲ ਸਿੰਘ, ਸ. ਅਜੈਬ ਸਿੰਘ ਨੰਬਰਦਾਰ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ. ਜਗਮੇਲ ਸਿੰਘ ਨੇ ਕਲੱਬ ਦੇ ਮੈਂਬਰਾਂ ਦਾ ਬਹੁਤ ਧੰਨਵਾਦ ਕੀਤਾ। ਜਿਨ੍ਹਾਂ ਨੇ ਇਹ ਨੇਕ ਕੰਮ ਕੀਤਾ ਉਨ੍ਹਾਂ ਕਲੱਬ ਦੇ ਮੈਂਬਰਜ਼ ਨੂੰ ਪ੍ਰੇਰਨਾ ਦਿੱਤੀ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ 'ਚੋਂ ਕੱਢਣ ਲਈ ਉਪਰਾਲੇ ਕਰਨ ਦੇ ਨਾਲ-ਨਾਲ ਹੋਰ ਸਮਾਜ ਸੁਧਾਰਕ ਕੰਮਾਂ ਵੱਲ ਵੱਧ ਤੋਂ ਵੱਧ ਧਿਆਨ ਦੇਣ ਤਾਂ ਜੋ ਸਾਡਾ ਸਮਾਜ ਤਰੱਕੀ ਕਰ ਸਕੇ। ਅਖੀਰ ਵਿਚ ਕਲੱਬ ਦੇ ਪ੍ਰਧਾਨ ਸ: ਦਰਸ਼ਨ ਸਿੰਘ ਚਹਿਲ ਨੇ ਸਮੂਹ ਸਟਾਫ਼ ਦੀ ਪ੍ਰਸ਼ੰਸਾ ਕੀਤੀ ਅਤੇ ਅੱਗੇ ਤੋਂ ਵੀ ਹਰ ਕਿਸਮਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ।

ਚੋਰੀ ਦੇ ਕੇਸ 'ਚ ਫੜ੍ਹੀਆਂ ਸੱਤ ਔਰਤਾਂ ਗਈਆਂ ਜੇਲ

ਫਰੀਦਕੋਟ, 11 ਜੁਲਾਈ (ਸਰਬਜੀਤ ਟੀਟੂ)-ਥਾਨਾ ਸਿਟੀ ਵੱਲੋਂ ਸੱਤ ਔਰਤਾਂ ਜਿੰਨ੍ਹਾਂ ਨੂੰ ਚੋਰੀ ਕਰਦਿਆਂ ਰੰਗੇ ਹੱਥੀ ਕਾਬੂ ਕਰ ਗਿਆ ਸੀ ਨੂੰ ਸਬ ਇੰਨਸਪੈਕਟਰ ਰਛਪਾਲ ਸਿੰਘ ਦੀ ਅਗਵਾਈ ਹੇਠਲੀ ਪੁਲਸ ਪਾਰਟੀ ਵੱਲੋਂ ਇੱਥੋਂ ਦੇ ਮਾਨਯੋਗ ਸੀ.ਜੇ.ਐੱਮ ਡੀ.ਪੀ. ਸਿੰਗਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਸਤੇ ਅਦਾਲਤ ਵੱਲੋਂ ਇਹਨਾਂ ਸੱਤਾਂ ਨੂੰ ਹੀ ਜੁਡੀਸ਼ੀਅਲ ਰੀਮਾਂਡ 'ਤੇ ਜੇਲ ਭੇਜ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਉਕਤ ਚੋਰਨੀਆਂ ਵਿੱਚ ਸ਼ਾਮਿਲ ਸ਼ਾਂਤੀ, ਚੰਮੇਲੀ, ਰਜਨੀ, ਗਰੀਬਣੀ, ਛਾਇਆ, ਬਿੱਲੀ ਅਤੇ ਬਿੰਦੀਆ ਵਾਸੀ ਕੋਟਕਪੂਰਾ ਨੂੰ ਪੁਲਸ ਪਾਰਟੀ ਵੱਲੋਂ ਇੰਤਲਾਹ ਮਿਲਣ 'ਤੇ ਇੱਥੋਂ ਦੇ ਇੱਕ ਪੁਰਾਂਣੇ ਸਰਕਾਰੀ ਦਫਤਰ ਵਿੱਚੋਂ ਚੋਰੀ ਕੀਤੇ ਗਏ 3 ਪੱਖਿਆ ਤੋਂ ਇਲਾਵਾ 39 ਫਰਾਂ ਸਮੇਤ ਕਾਬੂ ਕਰਕੇ ਇਹਨਾਂ 'ਤੇ ਮੁਕੱਦਮਾਂ ਨੰਬਰ 195 ਦਰਜ਼ ਕਰ ਲਿਆ ਗਿਆ ਸੀ। ਇਸ ਸਬੰਧ ਵਿੱਚ ਸਬ ਇੰਨਸਪੈਕਟਰ ਰਛਪਾਲ ਸਿੰਘ ਨੇ ਦੱਸਿਆ ਕਿ ਉਕਤ ਸੱਤਾਂ ਚੋਰਨੀਆਂ ਨੂੰ ਮਾਨਯੋਗ ਅਦਾਲਤ ਵੱਲੋਂ 24 ਜੁਲਾਈ ਤੱਕ ਜੁਡੀਸ਼ੀਅਲ ਰੀਮਾਂਡ 'ਤੇ ਫਿਰੋਜ਼ਪੁਰ ਜੇਲ ਵਿੱਚ ਭੇਜ ਦਿੱਤਾ ਗਿਆ ਹੈ।

ਲਾਇਨਜ਼ ਕਲੱਬ ਬੰਗਾ ਮਹਿਕ ਵੱਲੋਂ ਸ਼ਿਵਗਿਰ ਗਊਸ਼ਾਲਾ ਬੰਗਾ ਵਿਖੇ ਪਸ਼ੂਆਂ ਦੇ ਟੀਕਾ ਕਰਨ ਸਮੇਂ ਪ੍ਰਧਾਨ ਸਵਦੇਸ਼ ਸ਼ਰਮਾ, ਸਤੀਸ਼ ਚੂਹੜਗਰ, ਡਾ. ਉਂਕਾਰ ਸਿੰਘ, ਡਾ. ਹਰਮੇਸ਼ ਤਲਵਾੜ ਅਤੇ ਹੋਰ। ਤਸਵੀਰ: ਰਾਜ ਮਜਾਰੀ

ਸ਼ਿਵਗਿਰ ਗਊਸ਼ਾਲਾ ਬੰਗਾ 'ਚ ਟੀਕਾਕਰਨ ਕੈਂਪ ਲਗਾਇਆ

ਬੰਗਾ, 11 ਜੁਲਾਈ (ਰਾਜ ਮਜਾਰੀ)- ਲਾਇਨਜ਼ ਕਲੱਬ ਬੰਗਾ ਮਹਿਕ ਵੱਲੋਂ ਡਾ. ਸਤਿੰਦਰਜੀਤ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਿਵਗਿਰ ਗਊਸ਼ਾਲਾ ਬੰਗਾ ਵਿਖੇ ਟੀਕਾ ਕਰਨ ਕੈਂਪ ਲਗਾਇਆ ਗਿਆ। ਇਸ ਮੌਕੇ ਪਸ਼ੂਆਂ ਦੇ ਮਾਹਿਰ ਡਾਕਟਰਾਂ ਵੱਲੋਂ 550 ਗਊਆਂ ਨੂੰ ਘਾਤਕ ਗਲ ਘੋਟੂ ਬਿਮਾਰੀ ਦੀ ਰੋਕਥਾਮ ਸਬੰਧੀ ਟੀਕੇ ਲਗਾਏ ਗਏ। ਇਸ ਮੌਕੇ ਕਲੱਬ ਦੇ ਪ੍ਰਧਾਨ ਸਵਦੇਸ਼ ਸ਼ਰਮਾ, ਗਊਸ਼ਾਲਾ ਦੇ ਪ੍ਰਬੰਧਕ ਸਤੀਸ਼ ਚੂਹੜਗਰ, ਦਲਜੀਤ ਅਰੋੜਾ, ਸੋਮਪਾਲ ਸਿੰਘ, ਡਾ. ਹਰਮੇ਼ ਤਲਵਾੜ ਵੈਟਰਨਰੀ ਹਸਪਤਾਲ ਬੰਗਾ, ਡਾ. ਉਂਕਾਰ ਸਿੰਘ, ਜਗਦੀਸ਼ ਦੁੱਗਲ, ਬਲਦੇਵ ਨਈਆਰ, ਜਤਿੰਦਰ ਮੋਹਣ, ਰਜਨੀਸ਼ ਨਈਅਰ, ਰਣਵੀਰ ਕਪੂਰ ਅਤੇ ਦੇਸ ਰਾਜ ਆਦਿ ਹਾਜ਼ਰ ਸਨ।

ਭਲਾਈਆਣਾ ਨੂੰ ਹਰੇ ਪਿੰਡ ਵਜੋਂ ਅਪਣਾਉਣ ਦਾ ਐਲਾਨ

ਕੋਟਭਾਈ, 11 ਜੁਲਾਈ (ਪ.ਪ.)- ਹਲਕਾ ਗਿੱਦੜਬਾਹਾ ਅਧੀਨ ਪੈਂਦੇ ਕਸਬਨੁਮਾ ਪਿੰਡ ਭਲਾਈਆਣਾ ਡਾ: ਸਾਧੂ ਸਿੰਘ ਹਮਦਰਦ ਯਾਦਾਗਰੀ ਸਪੋਰਟਸ ਅਤੇ ਵੈਲਫੇਅਰ ਕਲੱਬ ਰਜਿ: ਵੱਲੋਂ ਪੌਣ, ਪਾਣੀ,ਭੂਮੀ ਤੇ ਰੁੱਖ-ਆਉ ਬਚਾਈਏ ਔਰਤ ਤੇ ਕੁੱਖ ਮੁਹਿਮ ਤਹਿਤ ਪਿੰਡ ਦੀ ਗਰਾਮ ਪੰਚਾਇਤ, ਯੁਵਕ ਸੇਵਾਵਾਂ ਕਲੱਬ,ਭਾਰਤੀ ਕਿਸਾਨ ਯੂਨੀਅਨ, ਗੁਰਮਤਿ ਪ੍ਰਚਾਰ ਕਮੇਟੀ, ਸਮਾਜ ਸੇਵਾ ਸੁਸਾਇਟੀ ਅਤੇ ਸਾਰੀਆਂ ਪਾਰਟੀਆਂ ਦੇ ਰਾਜਨੀਤਿਕ ਆਗੂਆਂ ਦੇ ਸਹਿਯੋਗ ਨਾਲ ਹਰੇ ਪਿੰਡ ਵਜੋ ਅਪਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਅੱਜ ਇੱਥੇ ਕਲੱਬ ਪ੍ਰਧਾਨ ਜਸਪ੍ਰੀਤ ਸਿੰਘ ਭਲਾਈਆਣਾ ਨੇ ਦੱਸਿਆ ਕਿ ਵਾਤਾਵਰਨ ਦੀ ਦਿਨੋ ਦਿਨ ਵਧ ਰਹੀ ਪਲੀਲਤਾ ਨੂੰ ਰੋਕਣ ਲਈ ਪਿੰਡ ਦੇ ਸਮਸਾਨਘਾਟ, ਸਰਕਾਰੀ ਸਕੂਲਾਂ,ਤਿੰਨੋ ਗੁਰਦੁਆਰਾ ਸਾਹਿਬ, ਸੁਸਾਇਟੀ, ਪਟਵਾਰਖਾਨਾ ਸਮੇਤ ਹੋਰ ਸਾਝੀਆਂ ਥਾਵਾਂ ਤੇ ਵੱਧ ਤੋ ਵੱਧ ਰੁੱਖ ਲਗਾਏ ਜਾਣਗੇ ਤਾਂ ਕਿ ਇਹ ਪਿੰਡ ਵਾਤਾਵਰਨ ਪ੍ਰੇਮੀਆਂ ਵੱਲੋਂ ਮਿਸਾਲ ਵਜੋਂ ਉੱਭਰੇ ਅਤੇ ਆਮ ਲੋਕਾਂ ਤੇ ਸਕੂਲੀ ਬੱਚਿਆਂ ਨੂੰ ਪ੍ਰਦੂਸਿਤ ਵਾਤਾਵਰਨ ਬਾਰੇ ਜਾਗਰੂਕ ਕਰਦੇ ਪੈਂਫਲਿਟ ਵੰਡੇ ਜਾਣਗੇ। ਇਸ ਸਬੰਧੀ ਕਲੱਬ ਆਹੁਦੇਦਾਰਾਂ ਨਾਲ ਹੋਈ ਮੀਟਿੰਗ ਦੌਰਾਨ ਇਹ ਮਤਾ ਪਾਸ ਵੀ ਪਾਸ ਕੀਤਾ ਗਿਆ ਕਿ ਇਸ ਮੁਹਿਮ ਨੂੰ ਵੱਡੇ ਪੱਧਰ ਤੇ ਸੁਰੂ ਕਰਨ ਲਈ ਪਿੰਡਾਂ ਵਿੱਚੋ ਚੇਤੰਨ ਤੇ ਬੁੱਧੀਜੀਵੀ ਨੌਜਵਾਨਾਂ ਨੂੰ ਕਲੱਬ ਵਿੱਚ ਮੈਂਬਰ ਭਰਤੀ ਕੀਤਾ ਜਾਵੇਗਾ। ਜਸਪ੍ਰੀਤ ਸਿੰਘ ਭਲਾਈਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਲ੍ਹੇ ਅੰਦਰ ਕੋਈ ਵੀ ਪਿੰਡ ਜੇਕਰ ਗਰਾਂਮ ਪੰਚਾਇਤ ਅਤੇ ਪਿੰਡ ਦੇ ਕਲੱਬਾਂ ਵੱਲੋ ਸਾਝੇ ਤੌਰ ਤੇ ਮਤਾ ਪਾ ਕੇ ਹਮਦਰਦ ਕਲੱਬ ਨੂੰ ਦਿੰਦਾਂ ਹੈ ਤਾਂ ਉਸ ਪਿੰਡ ਵਿੱਚ ਵੱਧ ਤੋ ਵੱਧ ਰੁੱਖ ਲਗਾ ਕੇ ਉਸਨੂੰ ਹਰੇ ਪਿੰਡ ਵਜੋਂ ਅਪਨਾਇਆ ਜਾਵੇਗਾ। ਇਸ ਸਮੇ ਗੁਰਪ੍ਰੀਤ ਸੋਨੀ, ਜਗਮੀਤ ਸਿੰਘ, ਦਲਜੀਤ ਸਿੰਘ, ਕੁਲਦੀਪ ਸਿੰਘ, ਇੰਦਰਜੀਤ ਸਿੰਘ ਤੋ ਇਲਾਵਾ ਕਲੱਬ ਦੇ ਸਮੂਹ ਆਹੁਦੇਦਾਰ ਤੇ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮਾਨਸਾ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚੋਂ ਲੰਘਦਾ ਘੱਗਰ ਦਰਿਆ ਖਤਰੇ ਦੇ ਨਿਸ਼ਾਨ ਤੋਂ ਉੱਪਰ

ਜ਼ਿਲ੍ਹੇ ਦੇ ਸੌ ਦੇ ਕਰੀਬ ਪਿੰਡ ਕਦੇ ਵੀ ਪਾਣੀ ਦੀ ਚਪੇਟ ਵਿੱਚ ਆ ਸਕਦੇ

ਬਰੇਟਾ, 11 ਜੁਲਾਈ (ਵਕੀਲ ਬਾਂਸਲ) - ਪੰਜਾਬ ਅਤੇ ਹਰਿਆਣਾ ਦੇ ਕਈ ਸਹਿਰਾਂ ਵਿੱਚ ਵਰਖਾ ਦੇ ਬੇਲੋੜੇ ਆਏ ਪਾਣੀ ਦੇ ਉਫਾਨ ਨਾਲ ਕਈ ਖੇਤਰਾਂ ਦਾ ਜਨ ਜੀਵਨ ਅਸਤ ਵਿਅਸਤ ਹੋ ਕੇ ਰਹਿ ਗਿਆ ਹੈ। ਸੈਂਕੜੇ ਪਿੰਡਾਂ ਦੇ ਲੋਕਾਂ ਵਿੱਚ ਡਰ ਦੀ ਸਥਿਤੀ ਬਣੀ ਹੋਈ ਹੈ ਅਤੇ ਕਈ ਪਿੰਡਾਂ ਦੀਆਂ ਜਮੀਨਾਂ ਵਿੱਚ ਪਾਣੀ ਪ੍ਰਵੇਸ਼ ਕਰ ਗਿਆ। ਘੱਗਰ ਨਦੀ ਨੇ ਮੂਨਕ ਜ਼ਿਲ੍ਹੇ 'ਚ ਕਈ ਪਿੰਡਾਂ ਨੂੰ ਪ੍ਰਭਾਵਿਤ ਕਰਦੇ ਹੋਏ ਜ਼ਾਖਲ ਹਰਿਆਣਾ ਦੇ ਪਿੰਡਾਂ ਨੂੰ ਮਾਰ ਕਰਦੀ ਹੋਈ ਮਾਨਸਾ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਪ੍ਰਵੇਸ਼ ਕਰ ਗਈ ਹੈ। ਪਾਣੀ ਜ਼ਿਆਦਾ ਵਧਣ ਕਾਰਨ ਹਰਿਆਣੇ ਦੇ ਨਾਲ ਲੱਗਦੇ ਪੰਜਾਬ ਦੇ ਕਈ ਸ਼ਹਿਰਾਂ ਨੂੰ ਰਸਤਾ ਬੰਦ ਕਰ ਦਿੱਤਾ ਹੈ। ਨਹਿਰ ਦੇ ਨਾਲ ਲੱਗਦੇ ਪਿੰਡ, ਮੰਡੀਆਂ ਦੇ ਲੋਕਾਂ ਨੇ ਪਾਣੀ ਦੇ ਡਰ ਦੇ ਮਾਰੇ ਅਪਣੇ ਘਰਾਂ ਵਿੱਚ ਸਮਾਨ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਮਾਨਸਾ ਜ਼ਿਲ੍ਹੇ ਅੰਦਰ ਪੈਂਦੇ ਪਿੰਡ ਚਾਂਦਪੁਰਾ ਬੰਨ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪੁਲਿਸ ਪ੍ਰਸਾਸ਼ਨ ਦੀ ਮੱਦਦ ਨਾਲ ਸੈਂਕੜੇ ਹੀ ਪ੍ਰੈਕਟਰਾ ਨਾਲ ਚਾਂਦਪੁਰਾ ਬੰਨ ਮਜ਼ਬੂਤ ਕੀਤਾ ਜਾ ਰਿਹਾ ਹੈ। ਮਾਨਸਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੁਮਾਰ ਰਾਹੁਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਥਿਤੀ ਨੂੰ ਸਾਂਤੀ ਮਾਈ ਢੰਗ ਨਾਲ ਨਿਜਿੱਠਣ ਉਹਨਾਂ ਦੱਸਿਆ ਕਿ ਸਰਦੂਲਗੜ੍ਹ ਏਰਿਏ ਵਿੱਚ ਵੀ ਘੱਗਰ ਦਰਿਆ ਖਤਰੇ ਦੇ ਨਿਸ਼ਾਨ ਤੋਂ ਉੱਪਰ ਚੱਲ ਰਹੀ ਹੈ ਜੋ ਕਦੇ ਵੀ ਖਾਤਰੇ ਦਾ ਕਾਰਨ ਬਣ ਸਕਦੀ ਹੈ ਉਹਨਾਂ ਦੱਸਿਆ ਕਿ ਇਸ ਸਥਿਤੀ ਨੂੰ ਕੰਟਰੋਲ ਕਰਨ ਲਈ ਪੂਰਾ ਪ੍ਰਸਾਸ਼ਨ ਮੌਕੇ ਵਾਲੀ ਜਗਾਹ ਉਪਰ ਕੰਮ ਕਰ ਰਹੇ ਹੈ ਐਸ.ਐਸ.ਪੀ. ਮਾਨਸਾ ਸ੍ਰ. ਹਰਦਿਆਲ ਸਿੰਘ ਮਾਨ ਅਤੇ ਡਿਪਟੀ ਕਮਿਸ਼ਨਰ ਮਾਨਸਾ ਖੁਦਰ ਚਾਂਦਪੁਰਾ ਬੰਨ ਤੇ ਪਹੁੰਚ ਕੇ ਸਥਿਤੀ ਦਾ ਲਗਾਤਾਰ ਨਿਰਖਣ ਕਰ ਰਹੇ ਹਨ। ਉਹਨਾਂ ਕਿਹਾ ਕਿ ਹਰਿਆਣਾ ਦੇ ਲੋਕਾਂ ਵੱਲੋਂ ਅਪਣੇ ਪਿੰਡਾਂ ਨੂੰ ਬਚਾਉਣ ਲਈ ਇਸ ਬੰਨ ਨੂੰ ਤੋੜੇ ਜਾਣ ਦੀ ਚਰਚਾ ਚਲ ਰਹੀ ਹੈ। ਇਸ ਬੰਨ ਦੇ ਟੁੱਟਣ ਨਾਲ ਮਾਨਸਾ ਜ਼ਿਲ੍ਹੇ ਦੇ ਸਰਦੂਲਗੜ੍ਹ ਨਜ਼ਦੀਕ 30-35 ਅਤੇ ਚਾਂਦਪੁਰਾ ਉੱਪਰ 30-40 ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈਂਦਾ ਹੋਇਆ ਤਲਵੰਡੀ ਵੱਲ ਵਹਿਰਾ ਘੱਟ ਜਾਂਦਾ ਹੈ। ਇਸ ਲਈ ਅੱਜ ਦੁਪਹਿਰ ਤੋਂ ਬਾਅਦ ਪਾਣੀ ਕਰੀਬ 15 ਫੁੱਟ ਤੱਕ ਜਾਂ ਪੁੱਜਾ ਹੈ ਜੋ ਖਾਤਰੇ ਨਿਸ਼ਾਨ ਤੋਂ 2.50 ਫੁੱਟ ਉਪਰ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਪਾਣੀ ਦਾ ਵਹਾਅ ਕਾਫ਼ੀ ਤੇਜੀ ਨਾਲ ਵੱਧਦਾ ਹੀ ਜਾ ਰਿਹਾ ਹੈ। ਜਿਸ ਕਾਰਨ ਇਸ ਘੱਗਰ ਦੀ ਮਾਰ ਹੇਠ ਆਉਣ ਵਾਲੇ ਪਿੰਡਾਂ ਵਿੱਚ ਬੇਚੈਨੀ ਫੈਲੀ ਹੋਈ ਹੈ। ਨੇੜੇ ਦੀ ਮੰਡੀ ਜ਼ਾਖਲ ਜਿੱਥੋਂ ਦੀ ਇਹ ਘੱਗਰ ਹਰ ਵਾਰ ਮਾਰ ਕਰਦਾ ਹੈ ਜੋ ਅਲਰਟ ਕਰ ਦਿੱਤਾ

ਹਰਿਆਣਾ ਤੋਂ ਪੰਜਾਬ ਆਉਣ ਲਈ ਰਸਤਾ ਬੰਦ

ਪਾਕਿਸਤਾਨ ਦੀ ਅਦਾਲਤ ਵਲੋਂ ਕਸਾਬ ਦੇ ਵਾਰੰਟ ਜਾਰੀ

ਇਸਲਾਮਾਬਾਦ, 11 ਜੁਲਾਈ (ਅ.ਬ.)= ਮੁੰਬਈ ਅਤਿਵਾਦੀ ਹਮਲੇ ਦੇ ਸੱਤ ਮੁਲਜ਼ਮਾਂ ਵਿਰੁਧ ਸੁਣਵਾਈ ਕਰ ਰਹੀ ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਭਾਰਤ ਦੀ ਜੇਲ ਵਿਚ ਬੰਦ ਅਜਮਲ ਆਮਿਰ ਕਸਾਬ ਅਤੇ ਫ਼ਹੀਮ ਅੰਸਾਰੀ ਵਿਰੁਧ ਤਾਜ਼ਾ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹਨ। ਇਸ ਹਮਲੇ ਦੇ ਪ੍ਰਮੁੱਖ ਦੋਸ਼ੀ ਲਸ਼ਕਰ-ਇ-ਤੋਇਬਾ ਕਮਾਂਡਰ ਜ਼ਕੀਉਰ ਰਹਿਮਾਨ ਲਖਵੀ ਨੇ ਜ਼ਮਾਨਤ ਅਰਜ਼ੀ ਦਾਖ਼ਲ ਕਰ ਦਿਤੀ ਹੈ। ਜਸਟਿਸ ਮਲਿਕ ਮੁਹੰਮਦ ਅਕਰਮ ਅਵਾਨ ਨੇ ਕਸਾਬ ਅਤੇ ਅੰਸਾਰੀ ਸਮੇਤ ਸਾਰੇ ਵਿਸ਼ਿਆਂ 'ਤੇ ਸਰਕਾਰੀ ਅਤੇ ਬਚਾਉ ਪੱਖ ਦੀਆਂ ਦਲੀਲਾਂ ਸੁਣੀਆਂ। ਇਹ ਸੁਣਵਈ ਬੰਦ ਦਰਵਾਜ਼ੇ ਦੇ ਅੰਦਰ ਰਾਵਲਪਿੰਡੀ ਦੀ ਆਦਿਆਲ ਜੇਲ ਵਿਚ ਹੋ ਰਹੀ ਹੈ। ਅਪਣੀ ਪਿਛਲੀ ਸੁਣਵਾਈ ਵਿਚ ਤਿੰਨ ਜੁਲਾਈ ਨੂੰ ਸਰਕਾਰੀ ਧਿਰ ਨੇ ਅਦਾਲਤ ਨੂੰ ਦਸਿਆ ਸੀ ਕਿ ਭਾਰਤ ਸਰਕਾਰ ਨੇ ਕਿਹਾ ਹੈ ਕਿ ਉਹ ਕਾਸਬ ਨੂੰ ਸੁਣਵਾਈ ਵਿਚ ਭਾਗ ਲੈਣ ਲਈ ਪਾਕਿਸਤਾਨ ਨਹੀਂ ਭੇਜ ਸਕਦੀ। ਵਰਣਨਯੋਗ ਹੈ ਕਿ ਸਾਲ 2008 ਵਿਚ ਮੁੰਬਈ ਵਿਖੇ ਹੋਏ ਭਿਆਨਕ ਅਤਿਵਾਦੀ ਹਮਲਿਆਂ ਵਿਚ ਸ਼ਾਮਲ ਇਕੋ ਇਕ ਜਿਉਂਦੇ ਫੜੇ ਗਏ ਅਤਿਵਾਦੀ ਕਸਾਬ ਨੂੰ ਮੁੰਬਈ ਦੀ ਇਕ ਅਦਾਲਤ ਨੇ ਫਾਂਸੀ ਦਾ ਸਜ਼ਾ ਸੁਣਾਈ ਸੀ ਜਦਕਿ ਅੰਸਾਰੀ ਨੂੰ ਬਰੀ ਕਰ ਦਿਤਾ ਸੀ। ਪਰ ਉਹ ਹੋਰ ਮਾਮਲਿਆਂ ਕਰ ਕੇ ਜੇਲ ਵਿਚ ਹੀ ਬੰਦ ਰਹੇਗਾ। ਅੱਜ ਸੁਣਵਾਈ ਦੌਰਾਨ ਸਰਕਾਰੀ ਧਿਰ ਨੇ ਤਾਜ਼ਾ ਵਾਰੰਟ ਜਾਰੀ ਕਰਨ ਦੀ ਦਲੀਲ 'ਤੇ ਜੱਜ ਅਵਾਨ ਕਥਿਤ ਰੂਪ ਵਿਚ ਗੁੱਸੇ ਵਿਚ ਆ ਗਏ। ਅਵਾਨ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਹੀ ਇਕ ਹੋਰ ਮੌਕੇ 'ਤੇ ਵਾਰੰਟ ਜਾਰੀ ਕੀਤਾ ਸੀ। ਜਸਟਿਸ ਨੇ ਕਿਹਾ ਕਿ ਪਹਿਲਾਂ ਜਾਰੀ ਕੀਤੇ ਵਾਰੰਟ ਨੂੰ ਤਾਮੀਲ ਕਰਵਾਉਣ ਲਈ ਭਾਰਤੀ ਪ੍ਰਸ਼ਾਸਨ 'ਤੇ ਦਬਾਅ ਪਾਉਣ ਦੀ ਜ਼ਿੰਮੇਵਾਰੀ ਪਾਕਿਸਤਾਨ ਸਰਕਾਰ ਦੀ ਹੈ। ਬਚਾਅ ਪੱਖ ਦੇ ਵਕੀਲ ਨੇ ਤਾਜ਼ਾ ਵਾਰੰਟ ਜਾਰੀ ਕੀਤੇ ਜਾਣ ਦਾ ਵਿਰੋਧ ਕੀਤਾ ਜਦਕਿ ਲਖ਼ਵੀ ਦੇ ਵਕੀਲ ਖ਼ਵਾਜ਼ਾ ਸੁਲਤਾਨ ਨੇ ਕਿਹਾ ਕਿ ਕਾਸਬ ਨੂੰ ਪਹਿਲਾਂ ਹੀ ਦੋਸ਼ੀ ਪਾਇਆ ਗਿਆ ਹੈ ਅਤੇ ਉਸ ਨੂੰ ਫਾਂਸੀ ਦੀ ਸਜ਼ੀ ਸੁਣਾਈ ਜਾ ਚੁਕੀ ਹੈ। ਸੁਲਤਾਨ ਨੇ ਕਿਹਾ ਕਿ ਅਤਿਵਾਦ ਵਿਰੋਧੀ ਅਦਾਲਤ ਦੀ ਸੁਣਵਾਈ ਦੌਰਾਨ ਕਾਸਬ ਨੂੰ ਪੇਸ਼ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ। ਸੂਤਰਾਂ ਨੇ ਦਸਿਆ ਕਿ ਅਖ਼ੀਰ ਜੱਜ ਤਾਜ਼ਾ ਵਾਰੰਟ ਜਾਰੀ ਕਰਨ ਲਈ ਤਿਆਰ ਹੋ ਗਏ। ਅਦਾਲਤ ਦੀ ਕਾਰਵਾਈ 24 ਜੁਲਾਈ ਤਕ ਮੁਲਤਵੀ ਕਰ ਦਿਤੀ ਗਈ ਹੈ। ਸੁਲਤਾਨ ਨੇ ਲਖਵੀ ਵਲੋਂ ਅਦਾਲਤ ਵਿਚ ਜ਼ਮਾਨਤ ਅਰਜ਼ੀ ਦਾਖ਼ਲ ਕੀਤੀ ਸੀ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਇਸ ਤੋਂ ਪਹਿਲਾਂ ਲਖਵੀ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ ਅਤੇ ਉਹ ਨਾ ਹੀ ਕਿਸੇ ਹੋਰ ਮਾਮਲੇ ਵਿਚ ਲੋੜੀਂਦੇ ਹਨ। ਅਪੀਲ ਵਿਚ ਕਿਹਾ ਗਿਆ ਹੈ ਸਰਕਾਰੀ ਧਿਰ ਲਖਵੀ ਵਿਰੁਧ ਮੁੰਬਈ ਹਮਲਿਆਂ ਵਿਚ ਸ਼ਾਮਲ ਹੋਣ ਸਬੰਧੀ ਪਿਛਲੇ 19 ਮਹੀਨਿਆਂ ਵਿਚ ਠੋਸ ਸਬੂਤ ਮੁਹੱਈਆ ਨਹੀਂ ਕਰਵਾ ਸਕੀ ਹੈ ਇਸ ਲਈ ਉਸ ਨੂੰ ਛੱਡ ਦਿਤਾ ਜਾਣਾ ਚਾਹੀਦਾ ਹੈ। ਸੁਲਤਾਨ ਨੇ ਦਸਿਆ ਕਿ ਜ਼ਮਾਨਤ ਅਰਜ਼ੀ 'ਤੇ 13 ਜੁਲਾਈ ਨੂੰ ਸੁਣਵਾਈ ਹੋਵੇਗੀ। ਸੂਤਰਾਂ ਨੇ ਦਸਿਆ ਕਿ ਅਦਾਲਤ ਮੁਲਤਵੀ ਕੀਤੇ ਜਾਣ ਦਾ ਸਬੰਧ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ.ਕ੍ਰਿਸ਼ਨਾ ਦੀ ਇਸਲਾਮਾਬਾਦ ਯਾਤਰਾ ਨਾਲ ਹੈ। ਕ੍ਰਿਸ਼ਨਾ 15 ਜੁਲਾਈ ਨੂੰ ਗੱਲਬਾਤ

ਲਖਵੀ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ 13 ਨੂੰ

ਸ਼੍ਰੋਮਣੀ ਕਮੇਟੀ ਵੱਲੋਂ ਗ੍ਰੰਥੀ ਸਿੰਘਾਂ ਦਾ ਸੂਬਾ ਪੱਧਰੀ ਗੁਰਮਤਿ ਗਿਆਨ ਕੈਂਪ 16 ਤੋਂ 18 ਜੁਲਾਈ ਤੱਕ

ਸ੍ਰੀ ਮੁਕਤਸਰ ਸਾਹਿਬ, 11 ਜੁਲਾਈ (ਅ.ਬ.) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਦਿਸ਼ਾ ਨਿਰਦੇਸ਼ਨਾ ਤੇ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਤੇ ਧਰਮ ਪ੍ਰਚਾਰ ਦੇ ਮੁਖੀ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਹੇਠ ਮੈਨੇਜਰ ਸ. ਕਰਨ ਸਿੰਘ ਅਤੇ ਹੈਡ ਗ੍ਰੰਥੀ ਗਿਆਨੀ ਹਰਪ੍ਰੀਤ ਸਿੰਘ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵੱਲੋਂ ਗ੍ਰੰਥੀ ਸਿੰਘਾਂ ਦਾ ਸੂਬਾ ਪੱਧਰੀ ਤਿੰਨ ਦਿਨਾਂ 'ਗੁਰਮਤਿ ਗਿਆਨ ਕੈਂਪ' 16, 17 ਅਤੇ 18 ਜੁਲਾਈ ਨੂੰ ਭਾਈ ਮਹਾਂ ਸਿੰਘ ਦੀਵਾਨ ਹਾਲ ਸ੍ਰੀ ਦਰਬਾਰ ਸਾਹਿਬ, ਮੁਕਤਸਰ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਕਮੇਟੀ ਦੇ ਮੀਡੀਆ ਸਲਾਹਕਾਰ ਸ੍ਰ. ਤਮਿੰਦਰ ਸਿੰਘ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਸ ਤਿੰਨ ਦਿਨਾਂ ਗੁਰਮਤਿ ਕੈਂਪ ਦੌਰਾਨ ਰੋਜ਼ਾਨਾ ਸਵੇਰੇ 9:30 ਤੋਂ 1 ਵੱਜੇ ਤਕ ਗੁਰਮਤਿ ਗਿਆਨ ਸੰਬੰਧੀ ਵਿਚਾਰਾਂ ਹੋਣਗੀਆਂ ਅਤੇ ਪਿੰਡਾਂ 'ਚ ਗ੍ਰੰਥੀ ਸਿੰਘਾਂ ਨੂੰ ਪ੍ਰਚਾਰ ਸੰਬੰਧੀ ਆਉਂਦੀਆਂ ਸਮਸਿਆ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਉਨ੍ਹਾਂ ਦਸਿਆ ਕਿ ਇਸ ਕੈਂਪ 'ਚ ਕੋਈ ਵੀ ਮਾਈ ਭਾਈ ਜੋ ਗੁਰਮਤਿ ਸੰਬੰਧੀ ਗਿਆਨ ਹਾਸਲ ਕਰਨਾ ਚਾਹੁੰਦਾ ਹੋਵੇ ਇਸ 'ਚ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ 16 ਜੁਲਾਈ ਨੂੰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, 17 ਜੁਲਾਈ ਨੂੰ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ 18 ਜੁਲਾਈ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਸੰਗਤਾਂ ਨਾਲ ਸਿੱਖ ਫਿਲਾਸਫੀ, ਸਿੱਖ ਰਹਿਤ ਮਰਯਾਦਾ ਅਤੇ ਸਿੱਖ ਇਤਿਹਾਸ ਬਾਰੇ ਜ਼ਰੂਰੀ ਵਿਚਾਰਾਂ ਕਰਨਗੇ ਅਤੇ ਤਿੰਨੇ ਦਿਨ ਕੁੰਜੀਵਤ ਭਾਸ਼ਨ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇਣਗੇ। ਇਸ ਤੋਂ ਇਲਾਵਾ ਜਥੇਦਾਰ ਬਲਦੇਵ ਸਿੰਘ ਅਤੇ ਸ਼੍ਰੋਮਣੀ ਪ੍ਰਚਾਰਕ ਗਿਆਨੀ ਜਸਵਿੰਦਰ ਸਿੰਘ ਸ਼ਹੂਰ ਸਿੱਖ ਰਹਿਤ ਮਰਯਾਦਾ ਸੰਬੰਧੀ ਵਿਚਾਰਾਂ ਕਰਨਗੇ। ਕੈਂਪ ਦੌਰਾਨ ਅੰਤ੍ਰਿੰਗ ਕਮੇਟੀ ਮੈਂਬਰ ਸ. ਦਿਆਲ ਸਿੰਘ ਕੋਲਿਆਂਵਾਲੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸਰੂਪ ਸਿੰਘ ਨੰਦਗੜ੍ਹ, ਸ. ਹੀਰਾ ਸਿੰਘ ਚੜ੍ਹੇਵਾਨ, ਪ੍ਰੋ ਮਹਿਲ ਸਿੰਘ ਉਚੇਚੇ ਤੌਰ ਤੇ ਹਾਜ਼ਰੀ ਭਰਨਗੇ। ਉਨ੍ਹਾਂ ਦਸਿਆ ਕਿ ਇਸ ਕੈਂਪ 'ਚ ਸ਼ਾਮਲ ਹੋਣ ਵਾਲੇ ਸਾਰੇ ਗ੍ਰੰਥੀ ਸਿੰਘਾਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਦਿੱਤੇ ਜਾਣਗੇ।

ਸਿੰਘ ਸਾਹਿਬਾਨ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਕਰਨਗੇ ਸ਼ਮੂਲੀਅਤ

ਬੰਗਾ ਵਿਖੇ ਸ੍ਰੀ ਬਲਦੇਵ ਨਈਅਰ ਮਰੀਜ਼ਾਂ ਦੀ ਸ਼ੂਗਰ ਜਾਂਚ ਕਰਦੇ ਹੋਏ ਨਾਲ ਹੋਰ। ਤਸਵੀਰ: ਰਾਜ ਮਜਾਰੀ

ਮੁਫ਼ਤ ਸ਼ੂਗਰ ਚੈਕਅੱਪ ਅਤੇ ਜਾਗਰੂਕਤਾ ਕੈਂਪ ਲਗਾਇਆ

ਬੰਗਾ, 11 ਜੁਲਾਈ (ਰਾਜ ਮਜਾਰੀ)- ਲਾਇਨਜ਼ ਕਲੱਬ ਵੱਲੋਂ ਡਾਕਟਰ ਡੇ ਨੂੰ ਸਮਰਪਿਤ ਮੁਫ਼ਤ ਸ਼ੂਗਰ ਜਾਂਚ ਕੈਂਪ ਉੱਘੇ ਸਮਾਜ ਸੇਵਕ ਲਾਇਨ ਆਗੂ ਬਲਦੇਵ ਨਈਅਰ ਦੀ ਅਗਵਾਈ 'ਚ ਰਾਏ ਜਨਰਲ ਹਸਪਤਾਲ ਬੰਗਾ ਵਿਖੇ ਲਗਾਇਆ ਗਿਆ। ਕੈਂਪ ਦੌਰਾਨ 78 ਵਿਅਕਤੀਆਂ ਦੀ ਸ਼ੂਗਰ ਜਾਂਚ ਕੀਤੀ ਗਈ। ਜਿਨ੍ਹਾਂ ਵਿਚ 37 ਵਿਅਕਤੀ ਸ਼ੂਗਰ ਰੋਗੀ ਪਾਏ ਗਏ। ਕੈਂਪ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਨਈਅਰ ਨੇ ਆਖਿਆ ਸਾਨੂੰ ਆਪਣੇ ਮੂੰਹ ਦੇ ਸਵਾਦ ਤੇ ਕੰਟਰੋਲ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਡਾ. ਕਸ਼ਮੀਰ ਸਿੰਘ ਰਾਏ ਦਾ ਸਨਮਾਨ ਕੀਤਾ ਗਿਆ। ਲਾਇਨਜ਼ ਕਲੱਬ ਵੱਲੋਂ 2010-11 ਦੇ ਲਾਇਨ ਸਟਿਕ ਵਰ੍ਹੇ ਦਾ ਅਰੰਭ ਕੈਂਪ ਨਾਲ ਕੀਤਾ।

ਸੀ.ਟੀ. ਵਿੱਚ ਸਿੱਖੇਗੀ ਬੈਲਜ਼ੀਅਮ ਦੀ ਵਿਦਿਆਰਥਣ ਭਾਰਤੀ ਵਿਅੰਜਨ

ਜਲੰਧਰ, 11 ਜੁਲਾਈ (ਸਿੱਖਿਆ ਪ੍ਰਤੀਨਿਧੀ)- ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨ ਜਲੰਧਰ ਵਿਚ ਬੈਲਜ਼ੀਅਮ ਤੋਂ ਆਈ ਵਿਦਿਆਰਥਣ ਮਿਸ ਏਲੀਨ ਐਂਜਲੀਕ ਵੇਨ ਡੇਨ ਬਰੋਈਕ ਨੇ Fogeign Student Exchange Scheme ਦੇ ਅੰਤਰਗਤ ਹੋਟਲ ਮੈਨੇਜਮੈਂਟ ਅਤੇ ਕੇਟਰਿੰਗ ਟੈਕਨੋਲੋਜੀ ਦੇ ਇਕ ਸਾਲਾ ਕੋਰਸ ਵਿਚ ਪ੍ਰਵੇਸ਼ ਕੀਤਾ। ਇਹ ਸਕੀਮ ਏਕਲਵਯ ਸਕੂਲ ਅਤੇ ਅਮੇਰਿਕਨ ਫੀਲਡ ਸਰਵੇ ਦੇ ਅੰਤਰਗਤ ਚਲਾਈ ਗਈ।

ਏਲੀਨ ਨੇ ਦੱਸਿਆ ਕਿ ਉਸਨੂੰ ਭਾਰਤੀ ਸੱਭਿਅਤਾ ਅਤੇ ਵਿਅੰਜਨਾਂ ਦੇ ਪ੍ਰਤੀ ਬਹੁਤ ਖਿੱਚ ਸੀ। ਇਸ ਦੇ ਨਾਲ-ਨਾਲ ਯੂਰਪ ਵਿਚ ਭਾਰਤੀ ਵਿਅੰਜਨਾਂ ਦੀ ਵੱਧ ਮੰਗ ਹੋਣ ਕਾਰਨ ਉਸ ਨੇ ਹੋਟਲ ਮੈਨੇਜਮੈਂਟ ਵਿਚ ਪ੍ਰਵੇਸ਼ ਕੀਤਾ ਤਾਂ ਜੋ ਭਾਰਤ ਵਿਅੰਜਨ ਸਿੱਖ ਕੇ ਯੂਰਪ ਵਿਚ ਇਸ ਦਾ ਪ੍ਰਸਾਰ ਕਰੇ। ਉਸ ਨੇ ਕਿਹਾ ਕਿ ਭਾਰਤੀ ਲੋਕ ਬਹੁਤ ਹੀ ਮੇਲ ਮਿਲਾਪ ਵਾਲੇ ਹਨ ਅਤੇ ਉਹ ਇੰਨੀ ਜਲਦੀ ਸਾਰੇ ਲੋਕਾਂ ਨਾਲ ਘੁਲ ਮਿਲ ਗਈ ਹੈ। ਇੱਥੇ ਰਹਿ ਕੇ ਉਸ ਨੂੰ ਆਪਣੇ ਪਰਿਵਾਰ ਦੀ ਵੀ ਕਮੀ ਮਹਿਸੂਸ ਨਹੀਂ ਹੋ ਰਹੀ ਅਤੇ ਉਹ ਆਸ ਕਰਦੀ ਹੈ ਕਿ ਭਾਰਤੀ ਅਨੁਭਵ ਉਸ ਦੇ ਕਰਿਅਰ ਨੂੰ ਮਲਟੀ ਕਲਚਰਲ ਆਯਾਮ ਦੇਵੇਗਾ।

ਪ੍ਰੋ. ਮਨਹਰ ਅਰੋੜਾ, ਨਿਰਦੇਸ਼ਕ ਕਾਰਪੋਰੇਟ ਰਿਲੇਸ਼ਨਜ਼ ਅਤੇ ਪਲੇਸਮੈਂਟਸ ਨੇ ਦੱਸਿਆ ਕਿ ਵਿਦੇਸ਼ੀ ਵਿਦਿਆਰਥੀ ਐਕਸਚੈਂਜ ਸਕੀਮ ਨੂੰ ਚਲਾ ਕੇ ਅਸੀਂ ਪੰਜਾਬ ਵਿਚ ਤਕਨੀਕੀ ਸਿੱਖਿਆ ਨੂੰ ਨਵੇਂ ਆਯਾਮ ਦੇਣ ਦੀ ਰਾਹ ਵਿਚ ਅਗੇਤੂ ਹਾਂ। ਚੇਅਰਮੈਨ ਸ. ਚਰਨਜੀਤ ਸਿੰਘ ਚੰਨੀ ਨੇ ਬੈਲਜ਼ੀਅਮ ਤੋਂ ਆਏ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਮੈਨੂੰ ਇਸ ਗੱਲ ਤੋਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਸੀ.ਟੀ. ਗਰੁੱਪ ਸਿਰਫ਼ ਭਾਰਤ ਹੀ ਨਹੀਂ ਸਗੋਂ ਵਿਦੇਸ਼ੀ ਵਿਦਿਆਰਥੀਆਂ ਦੀ ਵੀ ਪਹਿਲੀ ਪਸੰਦ ਬਣ ਗਈ ਹੈ। ਐਮ.ਡੀ. ਮਿਸ. ਮਨਬੀਰ ਸਿੰਘ ਨੇ ਕਿਹਾ ਕਿ ਸੀ.ਟੀ. ਗਰੁੱਪ ਬੈਲਜ਼ੀਅਮ ਤੋਂ ਆਈ ਵਿਦਿਆਰਥਣ

ਬੈਲਜ਼ੀਅਮ ਤੋਂ ਆਈ ਮਿਸ ਏਲੀਨ ਐਂਜਲੀਕ ਸੀ. ਟੀ. ਗਰੁੱਪ ਵਿਖੇ ਇਕ ਗੱਲਬਾਤ ਦੌਰਾਨ।

ਰਾਜੀਵ ਗਾਂਧੀ ਪੰਚਾਇਤ ਰਾਜ ਸੰਗਠਨ ਦੀ ਮੀਟਿੰਗ ਹੋਈ

ਫਿਰੋਜ਼ਪੁਰ, 11 ਜੁਲਾਈ (ਮਨੋਹਰ ਲਾਲ, ਸੀਮਾ ਠਾਕੁਰ)- ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੀ ਮੀਟਿੰਗ ਵਿੱਚ ਲੱਖੋਕੇ ਬਹਿਰਾਮ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸੈਕਟਰੀ ਰਵਿੰਦਰ ਸਿੰਘ ਲਖੋਕੇ ਨੇ ਕੀਤੀ। ਇਸ ਮੀਟਿੰਗ ਵਿਚ ਤੇਲ ਖਾਦਾਂ ਰਸੋਈ ਗੈਸ ਦੀਆਂ ਵੱਧ ਰਹੀਆਂ ਕੀਮਤਾਂ ਬਾਰੇ ਵਿਚਾਰ ਕੀਤਾ ਗਿਆ ਅਤੇ ਕਿਸਾਨ ਨੂੰ ਬਿਜਲੀ ਪਾਣੀ ਦੀ ਕਿੱਲਤ ਬਹੁਤ ਆਉਂਦੀ ਹੈ, ਦੀ ਚਿੰਤਾ ਕੀਤੀ ਗਈ। ਉਨ੍ਹਾਂ ਕਿਹਾ ਕਿ ਜਲਦੀ ਹੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆ ਰਹੀ ਹੈ ਤਾਂ ਜੋ ਕਿਸਾਨ ਸੁੱਖ ਦਾ ਸਾਹ ਲੈਣਗੇ। ਇਸ ਮੌਕੇ 'ਤੇ ਅਵਤਾਰ ਸਿੰਘ ਗਿੱਲ ਪ੍ਰਧਾਨ ਮਨੁੱਖ ਅਧਿਕਾਰ, ਬਾਬਾ ਅਨੈਤ ਸ਼ਾਹ, ਗੁਰਚਰਨ ਸਿੰਘ ਹਾਮਦ ਚੇਅਰਮੈਨ, ਪਿੱਪਲ ਤੂਤ, ਰਣਜੀਤ ਸਿੰਘ, ਸਾਰਜ ਸਿੰਘ, ਕੰਵਲ ਨੌਨ ਕੜਮਾ, ਅਵਤਾਰ ਅਲਫੂ ਦੇ, ਸੁਚਾ ਸਿੰਘ ਖੰਬਾ, ਸੁਰਜੀਤ ਸਿੰਘ ਬਲਾਕ ਸੰਮਤੀ, ਵਿਜੇ ਪਾਲ ਸਿੰਘ ਸਾਬਾਕ ਸਰਪੰਚ ਨੇ ਇਸ ਮੀਟਿੰਗਾਂ ਵੱਚ ਹਿੱਸਾ ਲਿਆ।

ਦਰਸ਼ਨ ਬੌਂਦਲੀ ਮੰਡੀਕਰਨ ਸੋਸਾਇਟੀ ਦੇ ਸੂਬਾ ਪ੍ਰੈਸ ਸਕੱਤਰ ਨਿਯੁਕਤ

ਸਮਰਾਲਾ, 11 ਜਲਾਈ (ਪ.ਪ.)- ਪੰਜਾਬ ਸਟੇਟ ਸਹਿਕਾਰੀ ਮਾਰਕੀਟਿੰਗ ਸੋਸਾਇਟੀਜ਼ ਇੰਪਲਾਈਜ਼ ਯੂਨੀਅਨ ਦੀ ਇਕ ਹੰਗਾਮੀ ਮੀਟਿੰਗ ਸੂਬਾ ਮੀਤ ਪ੍ਰਧਾਨ ਹਰਭਗਵਾਨ ਸਿੰਘ ਭਵਾਨੀਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਹੋਰ ਅਹੁਦੇਦਾਰਾਂ ਤੋਂ ਬਿਨਾਂ ਸਮਰਾਲਾ ਦੇ ਸਹਿਕਾਰੀ ਮੰਡੀਕਰਨ ਸਭਾ ਸੋਸਾਇਟੀ ਦੇ ਕਰਮਚਾਰੀ ਸ. ਦਰਸ਼ਨ ਸਿੰਘ ਬੌਂਦਲੀ ਨੂੰ ਸੂਬੇ ਦਾ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਸਮੇ ਗੁਰਮੁਖ ਸਿੰਘ ਜਨਰਲ ਸਕੱਤਰ,ਸਿਮਰਤਪਾਲ ਸਿੰਘ ਖਜ਼ਾਨਚੀ ਹਾਜ਼ਰ ਸਨ। । ਨਵੀਂ ਨਿਯੁਕਤੀ ਤੇ ਬੌਂਦਲੀ ਨੇ ਕਿਹਾ ਕਿ ਉਹ ਆਪਣੇ ਤੇ ਪਈ ਜਿੰਮੇਵਾਰੀ ਨੂੰ ਇਮਾਨਦਾਰੀ ਨਾਲ ਕਰਦੇ ਹੋਏ ਭਖਦੀਆ ਮੰਗਾਂ ਸਹੀ ਤਰੀਕੇ ਨਾਲ ਨਿਭਾਉਣਗੇ। ਪੰਜਾਬ ਦੀਆਂ ਸਾਰੀਆਂ ਸਹਿਕਾਰੀ ਮੰਡੀਕਰਨ ਸਭਾਵਾਂ ਨੇ ਇਸ ਨਿਯੁਕਤੀ ਦਾ ਸਵਾਗਤ ਕੀਤਾ ਹੈ।

ਸਮਾਲਸਰ ਸਮਾਜ ਸੇਵਾ ਸੰਮਤੀ ਤੇ ਐਨ.ਜੀ.ਓ. ਕਲੱਬ ਦੇ ਮੈਂਬਰ ਥਾਣਾ ਮੁਖੀ ਤੇ ਮੁੱਖ ਮੁਨਸ਼ੀ ਬਲਜਿੰਦਰ ਸਿੰਘ ਸਮਾਲਸਰ ਨੂੰ ਨਸ਼ਿਆਂ ਦੀ ਤਸਕਰੀ ਵਿਰੁੱਧ ਮੰਗ ਪੱਤਰ ਦਿੰਦੇ ਹੋਏ। ਤਸਵੀਰ: ਰਾਜੂ ਗੋਇਲ, ਭੁਪਿੰਦਰ ਸਿੰਘ